Punjab ICT Education Society

DEPARTMENT OF SCHOOL EDUCATION
Punjab (INDIA)

ਸੈਸ਼ਨ 2021-22
ਸ਼ੀਟ ਨੰ: 23

# ਈ-ਸ਼ਬਦ




## ਅੱਜ ਦਾ ਸ਼ਬਦ "ਡਾਇਲਾਗ ਬਾਕਸ"

**"ਡਾਇਲਾਗ ਬਾਕਸ"** ਇੱਕ ਗ੍ਰਾਫਿਕਲ ਕੰਟਰੋਲ ਹੁੰਦਾ ਹੈ ਜੋ ਕਿ ਇੱਕ ਛੋਟੀ ਵਿੰਡੋ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ ਅਤੇ ਯੂਜ਼ਰ ਨੂੰ ਕਿਸੇ ਵੀ ਸੂਚਨਾ ਦਾ ਸੰਚਾਰ ਕਰਨ ਵਿੱਚ ਜਾਂ ਵਿਖਾਈ ਗਈ ਸੂਚਨਾ ਉੱਪਰ ਕਿਸੇ ਵੀ ਕਿਸਮ ਦੀ ਪ੍ਰਤੀਕਿਰਿਆ ਪ੍ਰਾਪਤ ਕਰਨ ਲਈ ਪ੍ਰਯੋਗ ਹੁੰਦਾ ਹੈ। ਇਸ ਨੂੰ ਅਸੀਂ ਇੱਕ ਅਸਥਾਈ ਵਿੰਡੋ ਦੇ ਤੌਰ ਤੇ ਵੀ ਜਾਣ ਸਕਦੇ ਹਾਂ ਜੋ ਕਿ ਯੂਜ਼ਰ ਤੋਂ ਕਿਸੇ ਵੀ ਕਿਸਮ ਦੀ ਸੰਬੰਧਤ ਇਨਪੁੱਟ ਲੈਣ ਲਈ ਵਰਤੀ ਜਾਂਦੀ ਹੈ।

ਡਾਇਲਾਗ ਬਾਕਸ ਉੱਪਰ ਇੱਕ ਜਾਂ ਇੱਕ ਤੋਂ ਵੱਧ ਕੰਟਰੋਲ ਲੱਗੇ ਹੁੰਦੇ ਹਨ ਜੋ ਕਿ ਯੂਜ਼ਰ ਦੁਆਰਾ ਟੈਕਸਟ ਇਨਪੁੱਟ ਕਰਨ, ਆਪਸ਼ਨਾਂ ਦੀ ਚੋਣ ਕਰਨ ਜਾਂ ਕੋਈ ਹੋਰ ਖਾਸ ਕੰਮ ਕਰਨ ਦੀ ਇਜ਼ਾਜਤ ਦਿੰਦੇ ਹਨ। ਡਾਇਲਾਗ ਬਾਕਸ ਸਾਨੂੰ ਮੌਜੂਦਾ ਸਥੀਤੀ ਦਿਖਾਉਣ ਅਤੇ ਕਿਸੇ ਵੀ ਖਾਸ ਸਹੂਲਤ ਲਈ ਮੌਜੂਦ ਵੱਖ ਵੱਖ ਵਿਕਲਪਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਡਾਇਲਾਗ ਬਾਕਸ ਆਮ ਤੌਰ ਤੇ ਛੋਟੇ ਹੁੰਦੇ ਹਨ ਪਰੰਤੂ ਯੂਜ਼ਰ ਨੂੰ ਵਿਖਾਈ ਜਾਣ ਵਾਲੀ ਸੂਚਨਾ ਜਾਂ ਵਿਕਲਪਾਂ ਦੇ ਅਨੁਸਾਰ ਕਈ ਬਾਰ ਇਹਨਾਂ ਦਾ ਆਕਾਰ ਵੱਡਾ ਵੀ ਹੋ ਸਕਦਾ ਹੈ।

ਡਾਇਲਾਗ ਬਾਕਸਾਂ ਨੂੰ ਅਸੀਂ "ਮਾਡਲ" ਜਾਂ "ਮਾਡਲ-ਲੈੱਸ" ਦੋ ਕਿਸਮਾਂ ਵਿੱਚ ਵੰਡ ਸਕਦੇ ਹਾਂ।

- ਮਾਡਲ ਡਾਇਲਾਗ ਅਸਥਾਈ ਤੌਰ ਤੇ ਸਾਡੀਆਂ ਬਾਕੀ ਸਾਰੀਆਂ ਐਪਲੀਕੇਸ਼ਨਾਂ ਨੂੰ ਉਸ ਸਮੇਂ ਤੱਕ ਲਈ ਲੌਕ ਕਰ ਦਿੰਦੇ ਹਨ ਜਦੋਂ ਤੱਕ ਇਹਨਾਂ ਡਾਇਲਾਗ ਬਾਕਸਾਂ ਨੂੰ ਬੰਦ ਨਹੀਂ ਕੀਤਾ ਜਾਂਦਾ। ਜਦੋਂ ਇੱਕ ਮਾਡਲ ਡਾਇਲਾਗ ਬਾਕਸ ਖੁੱਲਦਾ ਹੈ ਤਾਂ ਇਹ ਹਮੇਸ਼ਾ ਐਕਟੀਵ ਰਹਿੰਦਾ ਹੈ ਅਤੇ ਕਿਸੇ ਹੋਰ ਡਾਇਲਾਗ ਬਾਕਸ ਜਾਂ ਵਿੰਡੋ ਨੂੰ ਇਸਦੇ ਉੱਪਰ ਖੁੱਲਣ ਦੀ ਇਜ਼ਾਜਤ ਉਸ ਸਮੇਂ ਤੱਕ ਨਹੀਂ ਦਿੰਦਾ ਜਦੋਂ ਤੱਕ ਕਿ ਇਸਨੂੰ ਬੰਦ ਨਾ ਕਰ ਦਿੱਤਾ ਜਾਵੇ।
- ਮਾਡਲ-ਲੈੱਸ ਡਾਇਲਾਗ ਬਾਕਸ ਸਾਨੂੰ ਇਹਨਾਂ ਡਾਇਲਾਗ ਬਾਕਸਾਂ ਦੇ ਖੁੱਲੇ ਹੋਣ ਦੀ ਸੂਰਤ ਵਿੱਚ ਵੀ ਬਾਕੀ ਐਪਲੀਕੇਸ਼ਨਾਂ ਚਲਾਉਣ ਦੀ ਇਜ਼ਾਜਤ ਦਿੰਦੇ ਹਨ। ਇਹ ਡਾਇਲਾਗ ਬਾਕਸ ਕਿਸੇ ਹੋਰ ਐਪਲੀਕੇਸ਼ਨ ਵਿੰਡੋ ਦੁਆਰਾ ਲੁਕਾਉਣ ਯੋਗ ਹੁੰਦੇ ਹਨ।

## Word of the Day is "**Dialog Box**"

"**Dialog Box**" is a graphical control element in the form of a small window that is used to communicate information to the user and useful for having any type of response from the user on the displayed information. It can also be considered as a temporary window which is used to retrieve any relative input from user.

A dialog box usually contains one or more controls, which are used by the user for entering texts, choosing options or direct any particular action. Dialog box also provides the current status and available options for a particular feature in the program. Dialog boxes are typically small, but depending on the amount of information to be conveyed, they can sometimes be large.

Dialog boxes are classified as "modal" or "modeless".

- A **modal dialog** temporarily locks us out of the rest of an application until it's closed. When a modal dialog box is open, it's always active and prevents any other dialog boxes or windows from being opened until it is closed.
- A **modeless dialog** allows us to use the rest of the application while it is open. It can be hidden by other application windows.

### ਰੋਚਕ ਤੱਥ:-

ਸਭ ਤੋਂ ਸਾਧਾਰਨ ਕਿਸਮ ਦਾ ਡਾਇਲਾਗ ਬਾਕਸ "ਅਲਰਟ" ਕਿਸਮ ਦਾ ਹੁੰਦਾ ਹੈ ਜਿਸਦੀ ਵਰਤੋਂ ਕੇਵਲ ਕੋਈ ਸੰਦੇਸ਼ ਦਰਸ਼ਾਉਣ ਲਈ ਕੀਤੀ ਜਾਂਦੀ ਹੈ ਅਤੇ ਕੇਵਲ ਇੱਕ ਬਟਨ "OK" ਮੌਜੂਦ ਹੁੰਦਾ ਹੈ ।

### Interesting Facts:-

The simplest type of dialog box is of "Alert" type which is used to display a message to user and have just one button. i.e. "OK"

ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਤੇ ਕਲਿੱਕ ਕਰੋ: https://youtu.be/Rf5il5Phan8

D.M.: Mohd. Aarif (Sangrur)    Sukhwinder Singh (GSSS(G), Sunam Udham Singh Wala)